# ਖ਼ੁਲਾਸਾ ਖ਼ੁਤਬਾ ਜੁਮੱਾ 25.04.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਲਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਸ ਸਮੇਂ ਮੈਂ ਵਰਨਣ ਕਰਨਾ ਚਹੁੰਦਾ ਹਾਂ ਕਿ ਇਕ ਅਤਿਅੰਤ ਪਿਆਰੀ ਸ਼ਖ਼ਸੀਅਤ ਦਾ ਜੋ ਆਪਣੇ ਅਤਿਅੰਤ ਵਫ਼ਾਦਾਰ ਹੋਣ ਕਰਕੇ ਇਕ ਵਿਸ਼ੇਸ਼ ਅਸਥਾਨ ਰੱਖਦੇ ਸਨ । ਸਿਲਸਿਲੇ ਦੇ ਫ਼ਿਦਾਈ ਸੇਵਕ ਸਨ । ਦੋ ਦਿਨ ਪਹਿਲਾਂ ਉਹਨਾਂ ਦਾ ਅਕਾਲ ਚਲਾਣਾ ਹੋਇਆ । (اناللهوانااليہراجعون) ਇੰਨੱਾ ਲਿਲੱਾਹਿ ਵ ਇੰਨੱਾ ਇਲੈਹਿ ਰਾਜਿਊਨ । ਹਰ ਇਕ ਮਨੁੱਖ ਨੇ ਇਕ ਨ ਇਕ ਦਿਨ ਇਸ ਸੰਸਾਰ ਨੂੰ ਛਡੱਣਾ ਹੈ, ਪਰ ਕਿੰਨ੍ਹੇ ਖ਼ੁਸ ਕਿਸਮਤ ਹਨ ਉਹ ਮਨੁੱਖ ਜੋ ਆਪਣਾ ਜੀਵਨ ਰੱਬ ਦੀ ਰਜ਼ਾ ਅਨੁਸਾਰ ਲੰਘਾਉਣ ਦਾ ਜਤਨ ਕਰਦੇ ਹਨ । ਜੱਦ ਪ੍ਰਣ ਕਰਦੇ ਹਨ ਤਾਂ ਪ੍ਰਣ ਨਿਭਾਉਣ ਲਈ ਜਿੱਥੋਂ ਤੱਕ ਹੋ ਸਕੇ ਜਤਨ ਕਰਦੇ ਹਨ । ਧਰਮ ਦੀ ਸੇਵਾ ਦੇ ਨਾਲ ਨਾਲ ਮਾਨਵਤਾ ਦੀ ਸੇਵਾ ਵਿੱਚ ਵੀ ਹਰ ਸਮੇਂ ਜਤਨਾ ਵਿੱਚ ਲੱਗੇ ਰਹਿੰਦੇ ਹਨ । ਉਹਨਾ ਲੋਕਾਂ ਵਿੱਚ ਸ਼ਾਮਲ ਹੁੰਦੇ ਹਨ ਜਿੰਨ੍ਹਾ ਦੀ ਇਕ ਦੁਨੀਆ ਪ੍ਰਸ਼ੰਸਾ ਕਰਦੀ ਹੈ ਅਤੇ ਇਸ ਕਰਕੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੇ ਕਥਨ ਅਨੁਸਾਰ ਸਵਰਗ ਉਹਨਾਂ ਲਈ ਵਾਜਬ ਹੋ ਜਾਂਦਾ ਹੈ । ਇਹ ਜਮਾਤ ਦੇ ਸੇਵਕ ਸਮੇਂ ਦੇ ਖ਼ਲੀਫ਼ਾ ਦੇ ਸੁਲਤਾਨਿ ਨਸੀਰ (ਸ਼ਾਹੀ ਸਹਾਇਕ) ਅਤੇ ਖ਼ਿਲਾਫ਼ਤ ਲਈ ਗ਼ੈਰਤ ਰੱਖਣ ਵਾਲੇ ਸਾਡੇ ਭਾਈ ਸ਼੍ਰੀਮਾਨ ਮਹਮੂਦ ਅਹਮਦ ਸ਼ਾਹਿਦ ਸਾਹਬ ਸਨ, ਜਿੰਨ੍ਹਾ ਨੂੰ ਪਾਕਿਸਤਾਨ ਵਿੱਚ ਅਧਿਕਤਰ ਲੋਕ ਮਹਮੂਦ ਬੰਗਾਲੀ ਦੇ ਨਾਂ ਨਾਲ ਜਾਣਦੇ ਹਨ । ਇਸ ਸਮੇਂ ਇਹ ਆਸਟ੍ਰੇਲੀਆ ਜਮਾਤ ਦੇ ਅਮੀਰ (ਪ੍ਰਧਾਨ) ਸਨ । ਉੱਥੇ ਹੀ ਬੁੱਧਵਾਰ ਦੇ ਦਿਨ 23 ਅਪ੍ਰੈਲ ਨੂੰ ਉਹਨਾਂ ਦੀ ਵਫ਼ਾਤ ਹੋਈ ਹੈ । (اناللهوانااليہراجعون)

ਮੈਂਨੂੰ ਉਹਨਾ ਦੀ ਮੌਤ ਦੇ ਬਾਦ ਪਹਿਲਾ ਪਤੱਰ ਜਾਂ ਸੰਦਸ਼ ਜੋ ਇਕ ਸਜੱਣ ਦਾ ਆਇਆ, ਉਹਨਾਂ ਨੇ ਲਿੱਖਿਆ ਕਿ ਖ਼ਿਲਾਫ਼ਤ ਦੇ ਅਜਿਹੇ ਫ਼ਿਦਾਈ ਸਨ ਕਿ ਅਲੱਾਹ ਤਆਲਾ ਸਾਨੂੰ ਵੀ ਬਣਾਏ । ਮੈਂ ਉਹਨਾਂ ਨੂੰ ਇਹੋ ਉੱਤਰ ਦਿਤੱਾ ਸੀ ਕਿ ਉਹ ਨਬਜ਼ ਵਾਂਗ ਚੱਲਦੇ ਸਨ । ਕਦੇ ਵੀ ਉਹਨਾਂ ਦੇ ਮਨ ਵਿੱਚ ਇਹ ਸੰਕੁਚਿਤਾ ਪੈਦਾ ਨਹੀਂ ਹੋਈ ਕਿ ਇਹ ਆਦੇਸ਼ ਕਿਉਂ ਆਇਆ ਅਤੇ ਇਸ ਪ੍ਰਕਾਰ ਕਿਉਂ ਆਇਆ । ਆਪਣੀ ਮਰਜ਼ੀ ਦੇ ਖ਼ਿਲਾਫ਼ ਵੀ ਜੇਕਰ ਉਹਨਾ ਨੂੰ ਕੋਈ ਗੱਲ ਕਹੀ ਜਾਂਦੀ ਤਾਂ ਝੱਟ ਉਸ ਦੀ ਤਾਮੀਲ ਹੁੰਦੀ ਸੀ । ਉਹਨਾਂ ਦੇ ਰੋਗ ਤੇ ਮੌਤ ਬਾਰੇ ਕੁਝ ਵਿਸਥਾਰ ਪ੍ਰਸਤੁਤ ਕਰਦਾ ਹਾਂ । 22 ਅਪ੍ਰੈਲ ਨੂੰ ਮਿਸ਼ਨ ਹਾਊਸ ਸਿਡਨੀ ਵਿੱਚ ਅਸਰ ਦੀ ਨਮਾਜ਼ ਲਈ ਘਰੋਂ ਮਸਜਿਦ ਵੱਲ ਨਿਕਲੇ ਪਰ ਥੋੜਾ ਜਿਹਾ ਤੁਰਨ ਮਗਰੋਂ ਘਰ ਪਰਤ ਆਏ ਕਿ ਕੁਝ ਸਵਾਸਥ ਵਿਗੜ ਰਿਹਾ ਹੈ ਅਤੇ ਘਰ ਪਹੁੰਚਦਿਆਂ ਹੀ ਸਖ਼ਤ ਬ੍ਰੇਨ ਹੈਮਰਿਜ ਦਾ ਅਟੈਕ ਹੋਇਆ । ਸ਼ੂਗਰ ਅਤੇ ਬਲਡ ਪ੍ਰੈਸ਼ਰ ਦੇ ਰੋਗੀ ਤਾਂ ਪਹਿਲਾਂ ਹੀ ਸਨ । ਹਸਪਤਾਲ ਲੈ ਗਏ, ਉੱਥੇ ਉਹਨਾਂ ਨੂੰ ਵੈਂਟੀਲੇਟਰ ਉਪੱਰ ਰੱਖਿਆ ਗਿਆ । ਡਾਕਟਰਾਂ ਦੀ ਤਾਂ ਇਹੋ ਰਾਏ ਸੀ ਕਿ ਦਿਮਾਗ਼ ਦੇ ਜਿਸ ਭਾਗ ਵਿੱਚ ਬ੍ਰੇਨ ਹੈਮਰਿਜ ਹੋਇਆ ਹੈ, ਜੀਵਨ ਦੀ ਵਾਪਸੀ ਅਸੰਭਵ ਹੈ ਪਰ ਮੈਂ ਉਹਨਾਂ ਨੂੰ ਕਿਹਾ ਕਿ 24 ਘੰਟੇ ਜਤਨ ਕਰ ਲੈਣ ਇਸ ਤੋਂ ਵੱਧ ਨਹੀਂ । 24 ਘੰਟਿਆਂ ਮਗਰੋਂ ਜੱਦ ਵੈਂਟੀਲੇਸ਼ਨ ਮਸ਼ੀਨ ਉਤਾਰੀ ਗਈ ਤਾਂ ਦੋ ਮਿੰਟ ਬਾਦ ਹੀ ਆਪ ਅਲੱਾਹ ਤਆਲਾ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਗਏ ।

ਇਹਨਾ ਦਾ ਪਰਿਚੈ ਕੁਝ ਇਸ ਪ੍ਰਕਾਰ ਹੈ । ਮਹਮੂਦ ਸਾਹਬ 18 ਨਵੰਬਰ 1948ਈ. ਨੂੰ ਬੰਗਲਾ ਦੇਸ਼ ਦੇ ਇਕ ਪਿੰਡ ਚਾਰ ਦੁਖੀਆ ਜ਼ਿਲਾ ਚਾਂਦਪੁਰ ਵਿੱਚ ਪੈਦਾ ਹੋਏ ਸਨ । ਇਹਨਾ ਦੇ ਪਿਤਾ ਜੀ ਮੌਲਾਨਾ ਅਬੁਲਖ਼ੈਰ ਮੁਹਮੱਦ ਮੁਹਿਬੁੱਲੱਾਹ ਸਨ ਅਤੇ ਮਾਤਾ ਦਾ ਨਾਂ ਜ਼ੇਬੁਨ ਨਿਸਾ ਸੀ । ਇਹਨਾਂ ਦੇ ਪਿਤਾ ਅਬੁਲਖ਼ੈਰ ਮੁਹਮੱਦ ਮੁਹਿਬੁੱਲੱਾਹ ਸਾਹਬ ਨੇ 1943ਈ. ਵਿੱਚ ਅਹਮਦੀਅਤ ਕੁਬੂਲ ਕੀਤੀ ਸੀ । ਅਰੰਭਕ ਨਾਂ ਅਬੁਲਖ਼ੈਰ ਮੁਹਮੱਦ ਸੀ । ਹਜ਼ਰਤ ਖ਼ਲੀਫ਼ਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਨੇ ਇਹਨਾਂ ਦੇ ਨਾਂ ਵਿੱਚ ਮੁਹਿਬੁੱਲੱਾਹ ਦਾ ਵਾਧਾ ਕਰ ਦਿੱਤਾ ਸੀ । ਇਹ ਆਪਣੇ ਖੇਤਰ ਦੇ ਪਹਿਲੇ ਅਹਮਦੀ ਸਨ ਅਤੇ ਚੰਗੇ ਵਿਦਵਾਨ ਸਨ । ਇਹਨਾ ਨੂੰ ਪ੍ਰਚਾਰ ਦਾ ਬਹੁਤ ਸ਼ੌਕ ਸੀ ਅਤੇ ਇਹਨਾਂ ਨੇ ਪ੍ਰਚਾਰ ਰਾਹੀਂ ਆਪਣੇ ਪਿਤਾ ਖ਼ਵਾਜਾ ਅਬਦੁਲ

ਮਨਾਨ ਸਾਹਬ ਅਰਥਾਤ ਮਹਮੂਦ ਸਾਹਬ ਦੇ ਦਾਦਾ ਨੂੰ ਵੀ ਅਹਮਦੀਅਤ ਦੇ ਨੂਰ ਨਾਲ ਲਾਭਵੰਦ ਕੀਤਾ । ਇਹ ਉਸ ਸਮੇਂ ਸਹਾਰਨਪੁਰ ਯੂ.ਪੀ. ਪੜ੍ਹਨ ਲਈ ਗਏ ਹੋਏ ਸਨ, ਓਥੇ ਉਹਨਾਂ ਨੂੰ ਅਹਮਦੀਅਤ ਬਾਰੇ ਜਾਨਕਾਰੀ ਮਿਲੀ । ਇਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੀਵਨਕਾਲ ਦੀ ਗੱਲ ਹੈ । ਜੱਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਿੱਲੀ ਗਏ ਸਨ ਤਾਂ ਉਹਨਾਂ ਦੇ ਦਾਦਾ ਜੀ ਨੂੰ ਵੀ ਹਜ਼ੂਰ ਅਲੈਹਿ ਸਲਾਮ ਨਾਲ ਮਿਲਨ ਦੀ ਚਾਹਤ ਹੋਈ ਪਰ ਜਿੱਥੇ ਉਹ ਵਿਦਿਆ ਪ੍ਰਾਪਤ ਕਰ ਰਹੇ ਸਨ ਉਹਨਾਂ ਲੋਕਾਂ ਨੇ ਉਹਨਾਂ ਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਮਿਲਣ ਦੀ ਅਗਿਆ ਨਹੀਂ ਦਿੱਤੀ । ਬਾਦ ਵਿੱਚ ਜੱਦ ਅਹਮਦੀ ਹੋਏ ਤਾਂ ਕਿਹਾ ਕਰਦੇ ਸਨ ਕਿ ਲੋਕਾਂ ਨੇ ਤਾਂ ਸਾਨੂੰ ਇਸ ਨੇਮਤ ਤੋਂ ਵਾਂਜਿਆਂ ਰਖੱਣ ਦੇ ਜਤਨ ਕੀਤੇ ਪਰ ਅਲੱਾਹ ਤਆਲਾ ਨੇ ਇਹ ਨੇਮਤ ਸਾਨੂੰ ਬਖ਼ਸ਼ ਦਿੱਤੀ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਦੀ ਇਕ ਤਹਿਰੀਕ ਉਪੱਰ ਸ਼੍ਰੀਮਾਨ ਮਹਮੂਦ ਅਹਮਦ ਸ਼ਾਹਿਦ ਸਾਹਬ ਦੇ ਪਿਤਾ ਜੀ ਨੇ ਆਪ ਨੂੰ ਸੰਤਾਨ ਵਕਫ਼ ਹੇਠ 1954ਈ. ਵਿੱਚ ਵਕਫ਼ ਕਰ ਦਿੱਤਾ । ਮਹਮੂਦ ਸ਼ਾਹਿਦ ਸਾਹਬ ਨੇ ਅਰੰਭਕ ਸਿੱਖਿਆ ਆਪਣੇ ਵਤਨ ਵਿਚ ਪ੍ਰਾਪਤ ਕੀਤੀ ਫਿਰ 1962ਈ. ਵਿੱਚ ਅਜੇ ਬੱਚੇ ਹੀ ਸਨ ਜਾਮਿਆ ਅਹਮਦੀਆ ਰਬਵਾਹ ਵਿੱਚ ਦਾਖ਼ਲ ਹੋਏ ਅਤੇ 1974ਈ. ਵਿੱਚ ਉਹਨਾਂ ਨੇ ਸ਼ਾਹਿਦ ਦੀ ਡਿਗਰੀ ਪ੍ਰਾਪਤ ਕੀਤੀ । ਆਪ ਦਾ ਵਿਆਹ 1977ਈ. ਵਿੱਚ ਮੌਲਵੀ ਮੁਹਮੱਦ ਸਾਹਬ ਮਰਹੂਮ ਅਮੀਰ ਜਮਾਤ ਬੰਗਲਾ ਦੇਸ਼ ਦੀ ਸਪੁਤੱਰੀ ਹਾਜਰਾ ਸਾਹਿਬਾ ਨਾਲ ਹੋਇਆ । ਉਹਨਾਂ ਦੀਆਂ ਤਿੰਨ ਪੁਤੱਰੀਆਂ ਤੇ ਇਕ ਪੁਤੱਰ ਹੈ । ਅਲੱਾਹ ਦੀ ਮਿਹਰ ਨਾਲ ਸਾਰੇ ਵਿਆਹੇ ਹੋਏ ਹਨ ਅਤੇ ਜਮਾਤ ਦੀ ਸੇਵਾ ਵਿੱਚ ਲੀਨ ਹਨ ।

ਮਹਮੂਦ ਸਾਹਬ ਨੇ ਆਪਣੇ ਅਰੰਭਕ ਜੀਵਨ ਦੀਆਂ ਕਈ ਗੱਲਾਂ ਆਪਣੇ ਜਵਾਈ ਨੂੰ ਨੋਟ ਕਰਾਈਆਂ ਸਨ । ਕਹਿੰਦੇ ਹਨ ਕਿ ਵਿਦਿਆਰਥੀ ਕਾਲ ਵਿੱਚ ਇਕ ਵਾਰ ਜਾਮਿਆ ਵਿੱਚ ਹੀ ਫ਼ੁੱਟਬਾਲ ਖੇਡਦਿਆਂ ਹੋਇਆਂ ਉਹਨਾਂ ਦੇ ਗੋਡੇ ਉਪੱਰ ਕਰਾਰੀ ਸੱਟ ਲੱਗੀ ਜਿਸ ਕਰਕੇ ਸਖ਼ਤ ਬਿਮਾਰ ਹੋ ਗਏ ਅਤੇ ਆਪਣੇ ਵਤਨ ਪੂਰਬੀ ਬੰਗਾਲ ਚਲੇ ਗਏ । ਇਹਨਾਂ ਦਿਨਾਂ ਵਿਚ ਰੱਬਵੇ ਦੀ ਰੁੱਤ ਵੀ ਸਖ਼ਤ ਸੀ, ਪਾਣੀ ਵੀ ਖਾਰਾ ਸੀ, ਮਿੱਠਾ ਪਾਣੀ ਪ੍ਰਾਪਤ ਨਹੀਂ ਸੀ, ਅਧਿਕਤਰ ਉਹਨਾਂ ਦੇ ਪੇਟ ਵਿੱਚ ਖਰਾਬੀ ਰਹਿੰਦੀ ਸੀ । ਮਾਪੇ ਵੀ ਦੂਰ ਸਨ, ਛੋਟੇ ਸਨ, ਅੰਤ ਮਾਪਿਆਂ ਦੀ ਵੀ ਯਾਦ ਆਈ, ਸੱਟਾਂ ਵੀ ਲੱਗੀਆਂ ਹੋਈਆਂ ਸਨ । ਬੰਗਲਾਦੇਸ਼ ਵਾਪਸ ਚਲੇ ਗਏ । ਰਬਵਾ ਵਾਪਸ ਆਉਣ ਦੀ ਕੋਈ ਇੱਛਾ ਨਹੀਂ ਸੀ, ਪਰ ਕਹਿੰਦੇ ਹਨ ਕਿ ਸਯੱਦ ਮੀਰ ਦਾਊਦ ਸਾਹਬ ਜੋ ਉਸ ਸਮੇਂ ਪ੍ਰਿੰਸੀਪਲ ਸਨ, ਉਹਨਾਂ ਨੇ ਵਾਰ ਵਾਰ ਪਤੱਰ ਲਿੱਖੇ ਅਤੇ ਜਤਨ ਕੀਤੇ ਕਿ ਮੁੜ੍ਹ ਜਾਮਿਆ ਵਿਚ ਆ ਜਾਵਾਂ, ਇਸ ਕਰਕੇ ਉਹਨਾਂ ਦੀ ਵਾਪਸੀ ਹੋਈ । ਕਹਿੰਦੇ ਹਨ ਕਿ ਮੇਰੇ ਪਿਤਾ ਸਾਹਬ ਦੀਆਂ ਦੁਆਵਾਂ ਦਾ ਵੀ ਉਹਨਾਂ ਦੇ ਜੀਵਨ ਉਪੱਰ ਡੂੰਘਾ ਪ੍ਰਭਾਵ ਸੀ । ਜੱਦ ਰਬਵੇ ਵਿੱਚ ਸਨ ਤਾਂ ਉਹਨਾਂ ਨੇ ਆਪਣੇ ਪਿਤਾ ਜੀ ਨੂੰ ਲਿੱਖਿਆ ਕਿ ਰੱਬਵੇ ਦੀ ਰੁੱਤ ਬਹੁਤ ਸਖ਼ਤ ਹੈ, ਪਾਣੀ ਨਹੀਂ ਹੈ, ਗਰਮੀ ਹੈ, ਖਾਣ ਪੀਣ ਦਾ ਬਹੁਤ ਕਸ਼ਟ ਹੈ ਆਦਿ ਆਦਿ । ਇਸ ਦੇ ਉਤੱਰ ਵਿੱਚ ਓਹਨਾਂ ਦੇ ਪਿਤਾ ਮੁਹਬਿੱਲੱਾਹ ਸਾਹਬ ਨੇ ਲਿੱਖਿਆ ਕਿ ਮੱਕੇ ਵਿੱਚ ਵੀ ਬਹੁਤ ਕਠਿਨ ਅਵਸਥਾ ਸੀ ਅਤੇ ਸੂਰਤ ਇਬਰਾਹੀਮ ਦੀ ਆਇਤ ਪੜ੍ਹੀ ਕਿ ( ربنا انی اسکنت من ذریتی بواد غیر ذی زرع ) ਰਬੱਨਾ ਇਨੀਂ ਅਸਕੁਨਤਾ ਮਿਨ ਜ਼ੁਰਿੱਯਾਤੀ ਬਿਵਾਦਿ ਗ਼ੈਰਿ ਜ਼ੀ ਜ਼ਰਇ । ਇਸ ਹਵਾਲੇ ਨਾਲ ਫਿਰ ਉਹਨਾਂ ਨੇ ਨਸੀਹਤ ਕੀਤੀ ਅਤੇ ਲਿੱਖਿਆ ਕਿ ਅਲੱਾਹ ਦੇ ਖ਼ਲੀਫ਼ਾ ਨੇ ਜਿਸ ਸ਼ਹਿਰ ਨੂੰ ਵਸਾਇਆ ਹੈ, ਜੇਕਰ ਓਥੇ ਨਹੀਂ ਰਹਿ ਸਕਦੇ ਤਾਂ ਪਿਤਾ ਨਾਲ ਸੰਬੰਧ ਵਿਅਰਥ ਹੈ । ਕਹਿੰਦੇ ਹਨ ਫਿਰ ਇਸ ਤੋਂ ਬਾਦ ਮੇਰੇ ਜੀਵਨ ਵਿੱਚ ਬਹੁਤ ਪਰਿਵਰਤਨ ਆਇਆ ।

ਹਜ਼ੂਰ ਨੇ ਫਰਮਾਇਆ ਕਿ ਖ਼ਲਿਦ ਸੈਫ਼ੁਲੱਾਹ ਸਾਹਬ ਜੋ ਇਸ ਸਮੇਂ ਉਹਨਾਂ ਦੇ ਬਾਦ ਪ੍ਰਤੀਨਿਧੀ ਦੇ ਰੂਪ ਵਿੱਚ ਅਮੀਰ ਜਮਾਤ ਆਸਟ੍ਰੇਲੀਆ ਹਨ । ਉਹ ਕਹਿੰਦੇ ਹਨ ਕਿ ਇਕ ਮੌਕੇ'ਤੇ ਮਹਮੂਦ ਬੰਗਾਲੀ ਸਾਹਬ ਨੇ ਆਪ ਦੱਸਿਆ ਕਿ 1979ਈ. ਵਿੱਚ ਜੱਦ ਇੰਟਰ ਨੈਸ਼ਨਲ ਸਦਰ ਖ਼ੁਦੱਾਮੁਲ ਅਹਮਦੀਆ ਦੀ ਚੋਣ ਹੋਈ ਤਾਂ ਆਪ ਵੋਟਾ ਦੀ ਗਿਣਤੀ ਦੇ ਪੱਖੋਂ ਪੰਜਵੇਂ ਨੰਬਰ ਉਪੱਰ ਸਨ । ਹਜ਼ਰਤ ਖ਼ਲੀਫ਼ਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਆਪ ਨਾਲ ਮਿਹਰ ਭਰਿਆ ਵਰਤਾਓ ਰਖੱਦੇ ਸਨ

। ਹਜ਼ੂਰ ਨੇ ਆਪ ਨੂੰ ਬੁਲਾਕੇ ਫ਼ਰਮਾਇਆ ਅੱਜ ਸ਼ਾਮ ਤੱਕ ਬਹੁਤ ਇਸਤਗ਼ਫਾਰ ਕਰੋ । ਕਹਿੰਦੇ ਹਨ ਕਿ ਮੈਂ ਬਹੁਤ ਡਰਿਆ ਕਿ ਪਤਾ ਨਹੀਂ ਮੈਥੋਂ ਕੀ ਗ਼ਲਤੀ ਵਾਪਰ ਗਈ ਹੈ । ਜੱਦ ਹਜ਼ੂਰ ਰਹਿਮਾਹੁਲੱਾਹ ਤਆਲਾ ਨੇ ਮੈਨੂੰ ਪੰਜਵੇਂ ਨੰਬਰ'ਤੇ ਹੁੰਦਿਆਂ ਹੋਇਆਂ ਵੀ ਸਦਰ ਨਿਰਧਾਰਤ ਕੀਤਾ ਤਾਂ ਮੈਨੂੰ ਸਮਝ ਆਇਆ ਕਿ ਹਜ਼ੂਰ ਇਸ ਢੰਗ ਨਾਲ ਮੇਰਾ ਆਜਜ਼ੀ ਵੱਲ ਧਿਆਨ ਖਿੱਚ ਰਹੇ ਸਨ । ਇਹ ਸਭ ਉਹਨਾਂ ਅਹੁਦੇਦਾਰਾਂ ਲਈ ਵੀ ਪਾਠ ਹੈ ਜੋ ਚੁਣੇ ਜਾਂਦੇ ਹਨ ਤਾਂ ਇਸਤਗ਼ਫ਼ਾਰ ਅਤੇ ਦੁਰੂਦ ਬਹੁਤ ਪੜ੍ਹਨ ਦੀ ਲੋੜ ਹੈ ਤਾਂ ਜੋ ਆਜਜ਼ੀ ਹਮੇਸ਼ਾਂ ਬਣੀ ਰਹੇ ਅਤੇ ਅਲੱਾਹ ਤਆਲਾ ਉਚਿਤ ਢੰਗ ਨਾਲ ਸੇਵਾ ਦਾ ਮੌਕਾ ਬਖ਼ਸ਼ਦਾ ਰਹੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਉਸ ਸਮੇਂ ਸਾਰੀ ਦੁਨੀਆ ਵਿੱਚ ਇਕ ਸਦਰ ਹੁੰਦਾ ਸੀ, ਬਾਕੀ ਦੁਨੀਆ ਦੇ ਸਦਰ ਨਹੀਂ ਹੁੰਦੇ ਸਨ ਸਗੋਂ ਕਾਇਦ ਅਖਵਾਉਂਦੇ ਸਨ । ਇਹਨਾਂ ਦੇ ਕਾਲ ਵਿੱਚ ਇਸਦਾ ਅੰਤ ਹੋਇਆ । ਇਹ ਖ਼ੁਦੱਾਮੁਲ ਅਹਮਦੀਆ ਦੇ ਅੰਤਮ ਸਦਰ ਸਨ ਜੋ ਅੰਤਰ ਰਾਸ਼ਟਰੀ ਸਦਰ ਸਨ । ਸੋ, ਜੱਦ ਇਹ ਦੌਰ ਖ਼ਤਮ ਹੋਇਆ ਤਾਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦੀ ਸੇਵਾ ਵਿੱਚ ਇਹਨਾਂ ਨੇ ਇਕ ਅਤਿ ਆਜਜ਼ੀ ਭਰਿਆ ਪਤੱਰ ਭੇਜਿਆ । ਇਸ ਦਾ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਨੇ ਉਤੱਰ ਦਿਤੱਾ ਕਿ ਤੁਸੀਂ ਖ਼ਾਮ-ਖ਼ਵਾਹ ਹੀ ਲੱਜਿਤ ਹੋਣ ਦਾ ਪ੍ਰਗਟਾਵਾ ਕੀਤਾ ਹੈ, ਲੱਜਿਤ ਹੋਣ ਦੀ ਕੀ ਗੱਲ ਹੈ, ਆਪ ਨੇ ਤਾਂ ਮਾਸ਼ਾਅਲੱਾਹ ਬਹੁਤ ਚੰਗਾ ਸਮਾਂ ਲੰਘਾਇਆ ਹੈ । ਬਹੁਤ ਕਠਿਨ ਹਾਲਾਤਾਂ ਵਿੱਚ ਬਹੁਤ ਹੀ ਸੁਚੱਜੇ ਢੰਗ ਨਾਲ ਅਤਿ ਕੂਟਿਨੀਤੀ ਤੇ ਬਹਦੁਰੀ ਨਾਲ ਕੰਮ ਕੀਤਾ ਹੈ । ਅਲੱਾਹ ਮੁਬਾਰਕ ਕਰੇ । ਇਸੇ ਲਈ ਲਈ ਤਾਂ ਆਪ ਨੂੰ ਅੰਸਾਰੁਲੱਾਹ ਵਿੱਚ ਜਾਣ ਦੇ ਬਾਦ ਵੀ ਸੇਵਾ ਦਾ ਮੌਕਾ ਪ੍ਰਾਪਤ ਹੋਇਆ । ਇਹਨਾ ਨੂੰ ਇਕ ਸਾਲ ਦੀ Extention ਦਿੱਤੀ ਗਈ ਸੀ । ਜੇਕਰ ਆਪ ਅਯੋਗ ਹੁੰਦੇ ਤਾਂ ਕਦੇ ਵੀ ਅਜਿਹਾ ਨ ਹੁੰਦਾ । ਅਲੱਾਹ ਤਆਲਾ ਭਵਿੱਖ ਵਿੱਚ ਵੀ ਆਪ ਨੂੰ ਸਦਾ ਨਿਹਸਵਾਰਥ ਸੇਵਕ ਬਣਾਈ ਰੱਖੇ ਅਤੇ ਚੰਗੀ ਸੇਵਾ ਦਾ ਮੌਕਾ ਪ੍ਰਦਾਨ ਕਰੇ । ਖ਼ਾਲਿਦ ਸੈਫ਼ੁਲੱਾਹ ਸਾਹਬ ਲਿੱਖਦੇ ਹਨ ਕਿ ਅਮੀਰ ਸਾਹਬ (ਅਰਥਾਤ ਮਹਮੂਦ ਸਾਹਬ) ਦੱਸਿਆ ਕਰਦੇ ਸਨ ਜਿ ਜੱਦ ਅਸੀਂ ਪੜ੍ਹਣ ਲਈ ਰੱਬਵੇ ਆਏ ਤਾਂ ਮੇਰੇ ਨਾਲ ਹੋਰ ਵੀ ਲੜਕੇ ਸਨ । ਅਸੀਂ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨਾਲ ਮੁਲਾਕਾਤ ਲਈ ਗਏ ਤਾਂ ਹਜ਼ੂਰ ਚਾਰਪਾਈ ਉਪੱਰ ਲੇਟੇ ਹੋਏ ਸਨ ਅਸੀਂ ਕੋਲ ਹੀ ਹੇਠਾਂ ਭੋਂਇ ਉਪੱਰ ਬੈਠ ਹੋਏ ਸੀ । ਹਜ਼ੂਰ ਸਾਨੂੰ 'ਵਕਫ਼' (ਤਿਆਗ) ਦੀ ਮਹਤੱਾ ਅਤੇ ਕੁਰਬਾਨੀ ਬਾਰੇ ਦੱਸ ਰਹੇ ਸਨ ਅਤੇ ਹਜ਼ੂਰ ਨੇ ਆਪਣਾ ਇਕ ਹੱਥ ਮੇਕਰ ਉਪੱਰ ਰੱਖਿਆ ਹੋਇਆ ਸੀ ਕਿਉਂਕਿ ਮੈਂ ਹਜ਼ੂਰ ਦੇ ਸਭ ਤੋਂ ਨੇੜੇ ਸੀ । ਰੱਬ ਦੀ ਕਰਨੀ ਇਹ ਕਿ ਬਾਕੀ ਸਾਰੇ ਲੜਕੇ ਹਵਾ, ਪਾਣੀ ਤੇ ਖ਼ੁਰਾਕ ਆਦਿ ਦੀ ਸ਼ਖਤੀ ਝੱਲ ਨ ਸਕੇ, ਜੋ ਬਾਹਰੋਂ ਆਏ ਹੋਏ ਸਨ ਅਤੇ ਵਾਪਸ ਆਪਣੇ ਘਰਾਂ ਨੂੰ ਪਰਤ ਗਏ । ਇਕ ਮੈਂ ਹੀ ਆਪਣੀ ਵਿਦਿਆ ਤੇ 'ਵਕਫ਼' ਨੂੰ ਰੱਬ ਦੀ ਅਪਾਰ ਮਿਹਰ ਨਾਲ ਪੂਰਾ ਕੀਤਾ ਜੋ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੀ ਛੂਹ ਦੀ ਬਰਕਤ ਸੀ । ਫਿਰ ਖ਼ਾਲਿਦ ਸੈਫ਼ੁਲੱਾਹ ਸਾਹਬ ਲਿੱਖਦੇ ਹਨ ਕਿ ਅਮੀਰ ਸਾਹਬ ਮਰਹੂਮ ਇਕ ਬੁੱਧੀਮਾਨ ਵਿਅਕਤੀ ਸਨ । ਸੰਬੰਧ ਬਨਾਉਣ ਤੇ ਨਿਭਾਉਂਣ ਦਾ ਫ਼ਨ ਬਹੁਤ ਖ਼ੂਬ ਜਾਣਦੇ ਸਨ ਅਤੇ ਉਸਨੂੰ ਜਮਾਤ ਦੇ ਲਾਭ ਲਈ ਵਰਤਦੇ ਸਨ । ਇਸ ਦੇ ਸਿੱਟੇ ਵਿੱਚ ਇਮੀਗ੍ਰੇਸ਼ਨ ਦਾ ਕਾਰਜ ਪਾਕਿਸਤਾਨੀ ਅਹਮਦੀਆਂ ਲਈ ਸੌਖਾ ਹੋ ਗਿਆ ਅਤੇ ਆਸਟ੍ਰੇਲੀਆ ਦੀ ਜਮਾਤ ਜੋ ਆਪ ਦੇ ਆਸਟ੍ਰੇਲੀਆ ਆਉਂਣ ਸਮੇਂ ਕੇਵਲ ਕੁਝ ਸੈਂਕੜੇ ਸੀ ਹੁਣ ਹਜ਼ਾਰਾਂ ਵਿੱਚ ਹੋ ਚੁੱਕੀ ਹੈ ਅਤੇ ਇਹ ਪ੍ਰਗਤੀ ਦੀ ਲੜੀ ਅਰੰਭ ਹੈ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦੇ ਨਿਰਦੇਸ਼ ਅਨੁਸਾਰ ਅਹਮਦੀਆਂ ਨੂੰ ਆਸਟ੍ਰੇਲੀਆ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਵਸਾਇਆ ਗਿਆ । ਹੁਣ ਹਰ ਸਟੇਟ ਦੇ ਕੈਪੀਟਲ ਵਿੱਚ ਪੱਕੇ ਤੌਰ'ਤੇ ਜਮਾਤ ਕਾਇਮ ਹੈ ਅਤੇ ਵੱਡੀਆਂ ਤੇ ਫੈਲੀਆਂ ਹੋਈਆਂ ਸੁੰਦਰ ਮਸਜਿਦਾਂ ਤੇ ਮਿਸ਼ਨ ਹਾਊਸ ਕਾਇਮ ਹਨ । ਸਿਡਨੀ ਵਿੱਚ ਵੀ ਮਸਜਿਦ ਬੈਤੁਲ ਮਹਦੀ ਤੋਂ ਬਿਨਾ ਖ਼ਿਲਾਫ਼ਤ ਸੈਂਟਨਰੀ ਹਾਲ ਅਤੇ ਮਿਸ਼ਨ ਹਾਊਸ ਵੀ ਹੈ ਅਤੇ ਇਕ ਗੈਸਟ ਹਾਊਸ ਅਜੇ ਤਿਆਰ ਕੀਤਾ ਜਾ ਰਿਹਾ ਹੈ । ਇਸੇ ਪ੍ਰਕਾਰ ਬਰਸਬਨ ਵਿੱਚ ਮਸਜਿਦ ਬਣੀ । ਮਲਬਰਨ ਵਿੱਚ ਮਸਜਿਦ ਬਣੀ । ਐਡੀਲੇਡ (Adelaide) ਵਿੱਚ ਜਮਾਤੀ ਸੈਂਟਰ ਹੈ । ਕੈਂਬਰਾ ਵਿੱਚ ਵਿੱਚ ਮਸਜਿਦ ਲਈ ਭੋਂਇ ਲੈਣ ਲਈ ਜਤਨ ਹੋ ਰਹੇ ਸਨ, ਛੇਤੀ ਹੀ ਮਿਲ ਜਾਵੇਗੀ । ਆਸਟ੍ਰਲੀਆ ਦੀ

ਜਮਾਤ ਵਿੱਚ ਉਹਨਾਂ ਦੀ ਤਰੱਕੀ ਵਿੱਚ ਉਹਨਾਂ ਨੇ ਮਾਸ਼ਾਅਲੱਾਹ ਬਹੁਤ ਵੱਧ ਚੜ੍ਹ ਕੇ ਭਾਗ ਲਿਆ । ਆਸਟ੍ਰੇਲੀਆ ਦੇ ਨੈਸ਼ਨਲ ਸੈਕ੍ਰੇਟਰੀ ਤਰਬੀਯਤ ਇਮਰਾਨ ਹਸਨ ਸਾਹਬ ਕਹਿੰਦੇ ਹਨ ਕਿ ਅਮੀਰ ਸਾਹਬ 1991ਈ. ਤੋਂ ਆਸਟ੍ਰੇਲੀਆ ਵਿੱਚ ਮਿਸ਼ਨਰੀ ਇੰਚਾਰਜ ਅਤੇ ਅਮੀਰ ਜਮਾਤ ਵੱਜੋਂ ਸੇਵਾ ਨਿਭਾ ਰਹੇ ਸਨ ਆਪ ਦੇ ਕਾਲ ਵਿੱਚ ਬਹੁਤ ਵੱਡੇ ਪ੍ਰਾਜੈਕਟਸ ਪੂਰਣਤਾ ਨੂੰ ਪਹੁੰਚੇ ਜੱਦ ਕਿ ਜਮਾਤ ਅਜੇ ਵੀ ਬਹੁਤ ਘੱਟ ਗਿਣਤੀ ਵਿੱਚ ਹੈ ।

ਫਿਰ ਵਿਕਟੋਰੀਆ ਜਮਾਤ ਦੇ ਸਦਰ ਜਾਵੇਦ ਸਾਹਬ ਆਪਣੇ ਇਕ ਵਿਸਥਾਰ ਪੂਰਬਕ ਪਤੱਰ ਵਿੱਚ ਲਿੱਖਦੇ ਹਨ ਕਿ ਅਮੀਰ ਸਾਹਬ ਦੀ ਮਾਮਲਿਆਂ ਬਾਰੇ ਸੂਝ ਬੂਝ, ਨਿੱਕੀਆਂ ਨਿੱਕੀਆਂ ਗੱਲਾਂ ਵਿੱਚ ਮਾਰਗਦਰਸ਼ਨ, ਸਹਿਨਸ਼ੀਲਤਾ, ਜਤਨ ਤੇ ਦੂਰ ਦ੍ਰਿਸ਼ਟੀ ਦੀਆਂ ਘਟਨਾਵਾਂ ਹਰ ਵਿਅਕਤੀ ਦੇ ਮੂੰਹ'ਤੇ ਆਮ ਹਨ । ਅਮੀਰ ਸਾਹਬ ਕੋਲ ਪੁਰਾਣੀ ਜਿਹੀ ਗੱਡੀ ਸੀ ਮਜਲਿਸੇ ਆਮਲਾ ਦੇ ਵਾਰ ਵਾਰ ਅਨੁਰੋਧ ਕਰਨ ਅਤੇ ਕਹਿੰਦੇ ਹਨ ਕਿ ਮੇਰੀ ਜ਼ਾਤੀ ਬੇਨਤੀ ਉਪੱਰ ਵੀ ਚੰਗੀ ਗੱਡੀ ਨਹੀਂ ਲਈ ਅਤੇ ਸਦਾ ਹੀ ਆਪਣੇ ਦੂਜੇ ਮੁਰੱਬੀਆਂ ਨੂੰ ਚੰਗੀਆਂ ਗੱਡੀਆਂ ਲੈਕੇ ਦਿੱਤੀਆਂ । ਆਪਣੀ ਕੋਈ ਚਿੰਤਾ ਨਹੀਂ ਸੀ । ਇਸੇ ਪ੍ਰਕਾਰ ਉਹਨਾਂ ਦੀ ਪੁਤੱਰੀ ਨੇ ਲਿੱਖਿਆ ਹੈ ਕਿ ਕਪੜੇ ਅਦਿ ਜੋ ਅਸੀਂ ਲੈਕੇ ਆਉਂਦੇ ਸੀ, ਉਹਨਾਂ ਨੂੰ ਬਹੁਤਾ ਚਾਅ ਨਹੀਂ ਸੀ, ਇਹੋ ਸੀ ਕਿ ਜੋ ਕਪੜਾ ਆਰਾਮ ਦੇਵੇ ਉਹੋ ਪਹਿਨੋ, ਬਹੁਤਾ ਖ਼ਰਚ ਕਰਨ ਦੀ ਲੋੜ ਨਹੀਂ । ਜਮਾਤੀ ਖ਼ਰਚਿਆਂ ਲਈ ਵੀ ਬਹੁਤ ਸਾਵਧਾਨੀ ਨਾਲ ਕੰਮ ਲੈਂਦੇ ਸੀ । ਯਾਦ ਬਹੁਤ ਚੰਗੀ ਸੀ । ਜਮਾਤ ਦੇ ਲੋਕਾਂ ਨੂੰ ਉਹਨਾਂ ਦੇ ਨਾਂ ਨਾਲ ਚੇਤੇ ਕਰਦੇ ਅਤੇ ਉਹਨਾਂ ਦੀ ਖ਼ੂਬੀਆਂ ਨੂੰ ਵਰਤੋਂ ਵਿੱਚ ਲਿਆਉਂਣ ਦਾ ਰੱਬੀ ਕੌਸ਼ਲ ਉਹਨਾਂ ਨੂੰ ਰੱਬ ਵੱਲੋਂ ਪ੍ਰਾਪਤ ਸੀ ।

ਇਕ ਇਸਤਰੀ ਤਾਹਿਰਾ ਅਤਹਰ ਸਾਹਿਬਾ ਵਰਨਣ ਕਰਦੀ ਹਨ ਕਿ ਕੁਝ ਦਿਨ ਪਹਿਲਾਂ ਜਲਸਾ ਸਾਲਾਨਾ ਆਸਟ੍ਰੇਲੀਆਂ ਖ਼ਤਮ ਹੋਇਆ ਹੈ । ਮਸਜਿਦ ਵਿੱਚ ਰਹਿੰਦੇ ਮਹਿਮਾਨਾ ਦੀ ਪ੍ਰਾਹੁਣਾਚਾਰੀ ਦੀ ਵਿਸ਼ੇਸ਼ ਤਾਕੀਦ ਕਰਦੇ ਰਹੇ ਕਿ ਜਲਸੇ ਉਪੱਰ ਆਉਂਣ ਵਾਲਿਆਂ ਦਾ ਖ਼ਿਆਲ ਰੱਖਿਆ ਜਾਵੇ । ਨਮਾਜ਼ਾਂ ਪੜ੍ਹਨ ਦੀ ਵਿਸ਼ੇਸ਼ ਤਾਕੀਦ ਕੀਤੀ । ਸਾਡੇ ਇੱਥੋਂ ਦੀ ਪ੍ਰੈਸ ਦੇ ਇੰਚਾਰਜ ਆਬਿਦ ਵਹੀਦ ਜੋ ਮੇਰੇ ਨਾਲ ਦੌਰੇ ਉਪੱਰ ਸਨ ਕਹਿੰਦੇ ਹਨ ਕਿ ਆਸਟ੍ਰੇਲੀਆ ਦੇ ਬੀਤੇ ਦੌਰੇ ਸਮੇਂ ਸ਼੍ਰੀਮਾਨ ਮਹਮੂਦ ਬੰਗਾਲੀ ਸਾਹਬ ਨੂੰ ਨੇੜਿਓਂ ਦੇਖਣ ਤੇ ਜਾਨਣ ਦਾ ਮੌਕਾ ਮਿਲਿਆ । ਸਾਰੇ ਦੌਰੇ ਸਮੇਂ ਉਹਨਾਂ ਦਾ ਸਵਾਸਥ ਖ਼ਰਾਬ ਰਹਿੰਦਿਆਂ ਹੋਇਆਂ ਵੀ ਨਿੱਕੀਆਂ ਨਿੱਕੀਆਂ ਗੱਲਾਂ ਦਾ ਖ਼ਿਆਲ ਰੱਖਦੇ ਅਤੇ ਭਰਪੂਰ ਧਿਆਨ ਦਿੰਦੇ । ਉਧਾਰਣ ਲਈ ਇਕ ਵਾਰ ਰਾਤ ਦੇ ਖਾਣੇ ਵਿੱਚ ਸਾਨੂੰ ਦੂਜੇ ਦਿਨ ਵੀ ਉਹੋ ਸਬਜ਼ੀ ਪੇਸ਼ ਕੀਤੀ ਗਈ, ਭਾਂਵੇਂ ਕਿ ਸਾਨੂੰ ਇਸ ਗੱਲ ਦਾ ਅਹਿਸਾਸ ਵੀ ਨਹੀਂ ਸੀ ਪਰ ਬੰਗਾਲੀ ਸਾਹਬ ਨੇ ਇਸ ਗੱਲ ਨੂੰ ਨੋਟ ਕੀਤਾ ਅਤੇ ਰੋਗੀ ਹੁੰਦਿਆਂ ਹੋਇਆਂ ਵੀ ਆਪ ਕਿਚਨ ਵਿੱਚ ਜਾਕੇ ਅਤਿਥੀ ਗ੍ਰਹਿ ਵਾਲਿਆਂ ਕੋਲੋਂ ਕਾਰਣ ਪਤਾ ਕੀਤਾ ਕਿ ਇੱਥੇ ਕੋਈ ਹੋਰ ਸਬਜ਼ੀ ਨਹੀਂ ਮਿਲਦੀ ਜੋ ਇਕ ਹੀ ਖੁਆਈ ਜਾ ਰਹੇ ਹੋ । ਇਸ ਪ੍ਰਕਾਰ ਮਹਿਮਾਨਾਂ ਦਾ ਹਰ ਤਰ੍ਹਾਂ ਦਾ ਖ਼ਿਆਲ ਰੱਖਦੇ ਸੀ । ਇਸ ਤੋਂ ਬਿਨਾ ਉਹਨਾਂ ਦੇ ਸੁਭਾਵ ਵਿੱਚ ਨਮਰਤਾ ਬਹੁਤ ਸੀ । ਆਬਿਦ ਕਹਿੰਦੇ ਹਨ ਕਿ ਆਪਣੇ ਗਿਆਨ ਤੇ ਤਜਰਬੇ ਦੇ ਹੁੰਦਿਆਂ ਹੋਇਆਂ ਵੀ ਪ੍ਰੈਸ ਅਤੇ ਮੀਡੀਆਂ ਬਾਰੇ ਮੈਥੋਂ ਸਲਾਹ ਲੈਣ ਵਿੱਚ ਰਤਾ ਵੀ ਉਣਤਾਈ ਅਨੁਭਵ ਨਹੀਂ ਕਰਦੇ ਸਨ । ਜਮਾਤੀ ਨਿਜ਼ਾਮ ਦਾ ਸਨਮਾਨ ਅਤੇ ਖ਼ਿਲਾਫ਼ਤ ਲਈ ਜਾਨ ਨਿਛਾਵਰ ਕਰਨ ਵਾਲਾ ਪਿਆਰ ਰੱਖਦ ਸਨ ।

ਸ਼੍ਰੀਮਾਨ ਅਤਾਉਲ ਮੁਜੀਬ ਰਾਸ਼ਿਦ ਸਾਹਬ ਇਮਾਮ ਮਸਜਿਦ ਫ਼ਜ਼ਲ ਲੰਡਨ ਲਿੱਖਦੇ ਹਨ ਕਿ ਅਤਿਅੰਤ ਮੁਖ਼ਲਿਸ, ਧਾਰਮਕ, ਵਿਨਮੱਰ ਤੇ ਦਿਖਾਵਾ ਰਹਿਤ ਇਨਸਾਨ ਸਨ । ਕਹਿੰਦੇ ਹਨ ਕਿ 2004ਈ. ਵਿੱਚ ਮੈਂਨੂੰ ਇਕ ਮਹੀਨੇ ਲਈ ਆਸਟ੍ਰੇਲੀਆ ਜਾਣ ਦਾ ਮੌਕਾ ਮਿਲਿਆ ਇਹਨੀ ਦਿਨੀਂ ਉਹਨਾਂ ਦੀਆਂ ਅਸੰਖ ਖੂਬੀਆਂ ਬਾਰੇ ਜਾਨਕਾਰੀ ਪ੍ਰਾਪਤ ਹੋਈ । ਸਭ ਤੋਂ ਮੋਹਰੇ ਉਹਨਾਂ ਦਾ ਖ਼ਿਲਾਫ਼ਤ ਨਾਲ ਅਥਾਹ ਸਨੇਹ ਤੇ ਆਗਿਆਕਰੀ ਸੀ । ਸਵੇਰ ਦੀ ਸੈਰ ਸਮੇਂ ਅਧਿਕਤਰ ਇਸ ਵਿਸ਼ੇ ਉਪੱਰ ਗੱਲ ਹੁੰਦੀ । ਜਮਾਤ ਦੀ ਤਰੱਕੀ ਅਤੇ ਜਮਾਤ ਦੇ ਕਾਰਜਾਂ ਵਿੱਚ ਭਾਗਦਾਰੀ ਤੇ ਸੰਬੰਧਾ ਉਪੱਰ ਗੱਲ ਹੁੰਦੀ । ਇਸ ਗੱਲ ਦਾ ਬਹੁਤ ਦੁਖੀ ਹਿਰਦੇ ਨਾਲ ਵਰਨਣ ਕਰਦੇ ਕਿ ਅਜੇ ਬਹੁਤ ਕਮਜ਼ੋਰੀਆਂ ਹਨ । ਦੌਰੇ (ਜਾਤਰਾ) ਉਪੱਰ ਜਾਂਦੇ ਸਮੇਂ ਮੈਂਨੂੰ ਹਰ ਜਮਾਤ ਨਾਲ ਸੰਬੰਧਤ ਗੱਲਾਂ ਦੱਸ ਦਿੰਦੇ ਕਿ ਉਹਨਾਂ ਨੂੰ ਕਿਹੜੀਆਂ ਕਿਹੜੀਆਂ ਗੱਲਾਂ ਉਪੱਰ ਧਿਆਨ ਦੇਣ ਦੀ ਲੋੜ ਹੈ ।

ਜਮਾਤ ਵਿੱਚ ਇਹਨਾਂ ਦੀਆਂ ਸੇਵਾਵਾਂ ਜ਼ਈਮ ਨਾਸਿਰ ਹੋਸਟਲ ਤੋਂ ਅਰੰਭ ਹੋਈਆਂ ਸਨ, ਫਿਰ 1977 ਤੋਂ 1979 ਤੱਕ ਮੁਹਤਮਿਮ ਮੁਕਾਮੀ ਮਜਲਿਸ ਖ਼ੁਦੱਾਮੁਲ ਅਹਮਦੀਆ ਰਬਵਾਹ ਰਹੇ । ਫਿਰ 1979 ਦੇ ਸਾਲਾਨਾ ਇਜਤਮਾ ਦੇ ਮੌਕੇ'ਤੇ ਸਦਰ ਮਜਲਿਸ ਖ਼ੁਦੱਾਮੁਲ ਅਹਮਦੀਆ ਕੇਂਦਰੀ ਦਾ ਭਾਰ ਸੰਭਾਲਿਆ । 1979ਈ. ਤੋਂ 1988ਈ. ਤੱਕ ਲੱਗਭਗ ਦੱਸ ਸਾਲ ਸਦਰ ਖ਼ੁਦੱਾਮੁਲ ਅਹਮਦੀਆ ਰਹੇ । ਖ਼ੁਦੱਾਮੁਲ ਅਹਮਦੀਆ ਦੇ ਅੰਤਮ ਸਦਰ ਸਨ ਜੋ ਕਿ ਅੰਤਰ ਰਾਸ਼ਟਰੀ ਸਨ, ਜਿਵੇਂ ਕਿ ਮੈਂ ਉਪੱਰ ਦੱਸਿਆ ਹੈ । ਫਿਰ ਇਸ ਤੋਂ ਬਾਦ ਵੱਖ ਵੱਖ ਤਨਜ਼ੀਮਾ ਬਣ ਗਈਆਂ । ਇਸਲਾਹ ਵ ਇਰਸ਼ਾਦ ਵਿਭਾਗ ਵਿੱਚ ਸੇਵਾ ਦਾ ਮੌਕਾ ਮਿਲਿਆ । ਖ਼ਿਲਾਫ਼ਤ ਰਾਬਿਆ ਦੇ ਕਾਲ ਵਿੱਚ ਜੱਦ 'ਸਮੀ ਬਸਰੀ' ਵਿਭਾਗ ਕਾਇਮ ਹੋਇਆ ਤਾਂ ਨਵੰਬਰ 1983ਈ. ਵਿੱਚ ਇਸ ਦੀ ਨਿਗਰਾਨੀ ਆਪ ਹੀ ਦੇ ਸੁਪੁਰਦ ਹੋਈ । 28 ਜੂਨ 1991ਈ. ਤੋਂ ਲੈਕੇ ਅੰਤਮ ਸਾਹ ਤੱਕ ਆਸਟ੍ਰੇਲੀਆ ਦੇ ਅਮੀਰ ਵੱਜੋਂ ਜਮਾਤ ਦੀ ਸੇਵਾ ਕੀਤੀ । ਅਲੱਾਹ ਤਆਲਾ ਉਹਨਾਂ ਨੂੰ ਆਪਣੀਆਂ ਰਹਿਮਤਾਂ ਵਿੱਚ ਸੰਜੋਈ ਰੱਖੇ, ਉਹਨਾਂ ਦੇ ਮਰਤਬੇ ਬੁਲੰਦ ਤੋਂ ਬੁਲੰਦ ਕਰਦਾ ਜਾਏ । ਨਿਰਸੰਦੇਹ, ਨਿਹਸਵਾਰਥ ਅਤੇ ਆਪਣੇ ਸਾਰੇ ਗੁਣਾ ਸਹਿਤ ਜਮਾਤ ਦੀ ਸੇਵਾ ਕਰਨ ਵਾਲੇ ਮਹਾਪੁਰਸ਼ ਸਨ । ਨ ਆਪਣੇ ਸਵਾਸਥ ਦੀ ਪਰਵਾਹ ਨ ਕਿਸੇ ਰੋਕ ਨੂੰ ਜਮਾਤੀ ਕੰਮਾ ਅੱਗੇ ਆਉਣ ਦਿੱਤਾ । ਮੇਰੀ ਬੀਤੀ ਆਸਟ੍ਰਲੀਆਂ ਦੀ ਜਾਤਰਾ ਸਮੇਂ ਅਤਿਅੰਤ ਕਸ਼ਟ ਵਿੱਚ ਹੁੰਦਿਆਂ ਹੋਇਆ ਵੀ ਹਰ ਕੰਮ ਦੀ ਨਿਗਰਾਨੀ ਕਰਦੇ ਰਹੇ ।

ਮੈਂ ਖ਼ੁਦੱਾਮੁਲ ਅਹਮਦੀਆ ਵਿੱਚ ਵੀ ਉਹਨਾਂ ਦੇ ਮਾਤਹਿਤ ਕੰਮ ਕੀਤਾ ਹੈ । ਬਹੁਤ ਖੁੱਲੇ ਹੱਥੀ ਆਪਣੇ ਮਾਤਹਿਤਾਂ ਤੋਂ ਕੰਮ ਲਿਆ ਕਰਦੇ ਸਨ । ਅਤੇ ਖ਼ਿਲਾਫ਼ਤ ਦੇ ਵੀ ਅਜਿਹੇ ਸ਼ਾਹੀ ਸਹਾਇਕ ਜਿਸ ਦੀ ਉਧਾਰਣ ਬਹੁਤ ਘੱਟ ਮਿਲਦੀ ਹੈ । ਮੈਂ ਇਸ ਦਾ ਅਰੰਭ ਵਿਚ ਹੀ ਵਰਨਣ ਕਰ ਦਿੱਤਾ ਹੈ । ਉਹਨਾਂ ਦੇ ਜਾਣ ਨਾਲ ਬੇਸ਼ਕ ਆਸਟ੍ਰੇਲੀਆ ਜਮਾਤ ਵਿੱਚ ਇਕ ਖ਼ਾਲੀਪਨ ਪੈਦਾ ਹੋਇਆ ਹੈ ਪਰ ਇਲਾਹੀ ਜਮਾਤਾਂ ਨੂੰ ਅਲੱਾਹ ਤਆਲਾ ਆਪ ਸੰਭਾਲਦਾ ਹੈ ਅਤੇ ਇਹਨਾਂ ਵਿੱਥਾਂ ਨੂੰ ਆਪ ਪੂਰਿਆਂ ਕਰਦਾ ਹੈ । ਅਲੱਾਹ ਤਆਲਾ ਮਿਹਰ ਕਰੇ ਅਤੇ ਉਹਨਾ ਵਰਗੇ ਸ਼ਾਹੀ ਸਹਾਇਕ ਸਦਾ ਹੀ ਜਮਾਤ ਨੂੰ ਮਿਲਦੇ ਰਹਿਣ ਜੋ ਖ਼ਿਲਾਫ਼ਤ ਲਈ ਵਫ਼ਾਦਾਰ ਵੀ ਹੋਣ ਅਤੇ ਜਾਨ ਨਿਛਾਵਰ ਕਰਨ ਵਾਲੇ ਵੀ ਹੋਣ । ਆਪਣੇ ਪ੍ਰਣ ਪੂਰੇ ਕਰਨ ਵਾਲੇ ਵੀ ਹੋਣ । ਅਲੱਾਹ ਤਆਲਾ ਉਹਨਾਂ ਦੀ ਪਤਨੀ ਅਤੇ ਬੱਚਿਆਂ ਦਾ ਵੀ ਆਪ ਸਹਾਇਕ ਤੇ ਰੱਖਿਅਕ ਹੋਵੇ ਅਤੇ ਉਹਨਾਂ ਨੂੰ ਵੀ ਬਲ ਬਖ਼ਸ਼ੇ ਕਿ ਆਪਣੇ ਪਿਤਾ ਵਾਂਗ ਈਮਾਨ ਤੇ ਵਿਸ਼ਵਾਸ ਵਿੱਚ ਦ੍ਰਿੜ੍ਹ ਹੋਣ ਅਤੇ ਖ਼ਿਲਾਫ਼ਤ ਨਾਲ ਮਜ਼ਬੂਤ ਸੰਬੰਧ ਬਨਾਉਣ ਵਾਲੇ ਹੋਣ । ਅਲੱਾਹ ਤਆਲਾ ਉਹਨਾਂ ਦੇ ਬੱਚਿਆਂ ਨੂੰ ਵੀ ਤੌਫ਼ੀਕ ਦੇਵੇ ਕਿ ਆਣੀ ਮਾਂ ਦਾ ਹੱਕ ਪੂਰਿਆਂ ਕਰਨ ਵਾਲੇ ਹੋਣ ।

ਹੁਣ ਜੁੱਮੇ ਦੀ ਨਮਾਜ਼ ਦੇ ਬਾਦ ਮੈਂ ਉਹਨਾਂ ਦੀ ਨਮਾਜ਼ ਜਨਾਜ਼ਹ ਗ਼ੈਬ ਵੀ ਪੜ੍ਹਾਵਾਂ ਗਾ ।